بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 24 ਅਕਤੂਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਜ ਵੀ ਮੈਂ ਗ਼ਜ਼ਵਾ ਤਬੂਕ ਦੇ ਵਾਕ਼ਿਆਤ ਦੀ ਹੋਰ ਤਫ਼ਸੀਲ ਬਿਆਨ ਕਰਾਂਗਾ।

ਇਕ ਸ਼ਖ਼ਸ ਜੱਦ ਬਿਨ ਕ਼ੈਸ ਦਾ ਵਾਕ਼ਿਆ ਬਿਆਨ ਹੋਇਆ ਹੈ। ਇਹ ਵੀ **ਮੁਨਾਫ਼ਿਕ਼ਾਂ** ਵਿੱਚੋਂ ਇੱਕ ਸ਼ਖ਼ਸ ਸੀ, ਜਿਹੜਾ ਅਬਦੁੱਲਾਹ ਬਿਨ ਉਬਈ ਦੇ ਬਾਅਦ ਮੁਨਾਫ਼ਿਕ਼ਾਂ ਦਾ ਇੱਕ ਦੂਸਰਾ ਵੱਡਾ ਲੀਡਰ ਸੀ। ਇਹ ਉਹੀ ਸੀ ਜਿਸ ਨੇ **ਸੁਲਹ ਹੁਦੈਬਿਯਾ** ਦੇ ਮੌਕ਼ੇ ‘ਤੇ ਵੀ ਬੈਅਤ ਨਹੀਂ ਕੀਤੀ ਸੀ। ਇਸ ਨੇ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋ ਕੇ ਜੰਗ ‘ਤੇ ਨਾ ਜਾਣ ਦਾ **ਬਹਾਨਾ** ਪੇਸ਼ ਕੀਤਾ। ਚੁਨਾਂਚਿ ਲਿਖਿਆ ਹੈ ਕਿ ਉਸਨੇ ਕਿਹਾ ਕਿ ਯਾ ਰਸੂਲੁੱਲਾਹ! ਮੈਨੂੰ **ਰੁਖ਼ਸਤ** ਦਿਓ ਅਤੇ **ਫ਼ਿਤਨੇ** ਵਿੱਚ ਨਾ ਪਾਓ। ਖ਼ੁਦਾ ਦੀ ਕ਼ਸਮ! ਮੇਰੀ ਕ਼ੌਮ ਮੇਰੇ ਬਾਰੇ ਚੰਗੀ ਤਰ੍ਹਾਂ ਜਾਣਦੀ ਹੈ ਕਿ ਮੇਰੇ ਤੋਂ ਜ਼ਿਆਦਾ ਕੋਈ ਸ਼ਖ਼ਸ ਔਰਤਾਂ ਦਾ ਚਾਹੁਣ ਵਾਲਾ ਨਹੀਂ ਅਤੇ ਮੈਨੂੰ ਡਰ ਹੈ ਕਿ ਜੇਕਰ ਮੈਂ ਬਨੂ ਅਸਫ਼ਰ ਯਾਨੀ ਰੋਮੀਆਂ ਦੀਆਂ ਔਰਤਾਂ ਨੂੰ ਦੇਖ ਲਿਆ ਤਾਂ **ਸਬਰ** ਨਹੀਂ ਕਰ ਪਾਵਾਂਗਾ। ਇਸ ‘ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ **ਬੇਹੂਦਾ** ਜਵਾਬ ਸੁਣ ਕੇ ਉਸ ਤੋਂ ਮੂੰਹ ਮੋੜ ਲਿਆ ਅਤੇ ਫ਼ਰਮਾਇਆ ਕਿ ਠੀਕ ਹੈ! ਜਾ, ਤੈਨੂੰ ਇਜਾਜ਼ਤ ਹੈ। ਉਸ ਦੇ ਬੇਟੇ, ਹਜ਼ਰਤ ਅਬਦੁੱਲਾਹ ਬਿਨ ਜੱਦ ਰਜ਼ਿ ਅੱਲਾਹੁ ਅਨਹੁ, ਜੋ ਕਿ ਬਦਰੀ ਸਹਾਬੀ ਸਨ, ਅਤੇ ਬਹੁਤ ਮੁਖ਼ਲਿਸ ਸਨ, ਇਹ ਸਾਰੀ ਗੱਲ ਸੁਣ ਕੇ **ਨਾਰਾਜ਼** ਹੋ ਗਏ ਅਤੇ ਕਹਿਣ ਲੱਗੇ ਕਿ ਨਹੀਂ, ਅੱਲਾਹ ਦੀ ਕ਼ਸਮ! ਇਹ **ਨਿਫ਼ਾਕ਼** ਹੈ ਜਿਸ ਦੀ ਵਜ੍ਹਾ ਨਾਲ ਤੁਸੀਂ ਜੰਗ ‘ਤੇ ਨਹੀਂ ਜਾ ਰਹੇ ਅਤੇ ਅੱਲਾਹ ਦੀ ਕ਼ਸਮ ਤੁਹਾਡੇ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਜ਼ਰੂਰ ਕ਼ੁਰਆਨ **ਨਾਜ਼ਿਲ** ਹੋਵੇਗਾ। ਇੱਕ ਰਿਵਾਇਤ ਵਿੱਚ ਹੈ ਕਿ ਜੱਦ ਬਿਨ ਕ਼ੈਸ ਦੇ ਬਾਰੇ ਇਹ ਆਯਤ ਨਾਜ਼ਿਲ ਹੋਈ ਕਿ ਅਤੇ ਇਨ੍ਹਾਂ ਵਿੱਚੋਂ ਉਹ ਵੀ ਹੈ ਜਿਹੜਾ ਕਹਿੰਦਾ ਹੈ ਕਿ ਮੈਨੂੰ ਰੁਖ਼ਸਤ ਦਿਓ ਅਤੇ ਮੈਨੂੰ ਫ਼ਿਤਨੇ ਵਿੱਚ ਨਾ ਪਾਓ। ਕਿਹਾ ਜਾਂਦਾ ਹੈ ਕਿ ਬਾਅਦ ਦੇ ਜ਼ਮਾਨੇ ਵਿੱਚ ਇਸ ਨੇ **ਤੌਬਾ** ਕਰ ਲਈ ਸੀ ਅਤੇ ਚੰਗੀ ਤੌਬਾ ਕੀਤੀ ਸੀ ਅਤੇ ਬਾਅਦ ਵਿੱਚ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਦੇ ਦੌਰਿ ਖ਼ਿਲਾਫ਼ਤ ਵਿੱਚ ਵਫ਼ਾਤ ਪਾਈ।

ਮਦੀਨੇ ਵਿੱਚ **ਮੁਨਾਫ਼ਿਕ਼** ਅਤੇ **ਯਹੂਦੀ** ਝੂਠੀਆਂ ਅਫ਼ਵਾਹਾਂ ਫੈਲਾ ਕੇ ਮੁਸਲਮਾਨਾਂ ਦੇ ਹੌਂਸਲੇ ਢਾਹੁਣ ਅਤੇ ਮੁਸਲਮਾਨਾਂ ਨੂੰ ਜੰਗ ‘ਤੇ ਜਾਣ ਤੋਂ ਰੋਕਣ ਦੀ ਭਰਪੂਰ ਕੋਸ਼ਿਸ਼ਾਂ ਕਰਦੇ ਅਤੇ ਇਸ ਦੇ ਲਈ ਉਹ ਤਰ੍ਹਾਂ ਤਰ੍ਹਾਂ ਦੇ **ਹਰਬੇ** ਇਸਤੇਮਾਲ ਕਰਦੇ। ਉਨ੍ਹਾਂ ਨੇ ਆਪਣਾ ਇੱਕ **ਕੇਂਦਰ** ਬਣਾਇਆ ਹੋਇਆ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਕੇਂਦਰ ਨੂੰ ਖ਼ਤਮ ਕਰਨ ਦਾ ਹੁਕਮ ਦਿੱਤਾ। ਭਾਵੇਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੀ **ਰਹਿਮਤ** ਅਤੇ **ਨਰਮੀ** ਦੀ ਵਜ੍ਹਾ ਨਾਲ ਇਨ੍ਹਾਂ ਲੋਕਾਂ ਨੂੰ ਨਜ਼ਰ ਅੰਦਾਜ਼ ਕਰਦੇ ਸਨ ਪਰ ਜਦ ਪ੍ਰਸ਼ਾਸਨ ਦੇ ਖ਼ਿਲਾਫ਼ ਕੋਈ ਖ਼ਤਰਨਾਕ ਸਾਜ਼ਿਸ਼ ਹੁੰਦੀ ਤਾਂ ਇਸ ਨੂੰ ਬੜੀ ਸਮਝਦਾਰੀ ਪਰ ਸਖ਼ਤੀ ਦੇ ਨਾਲ ਖ਼ਤਮ ਕਰਨ ਲਈ

ਕਾਰਵਾਈ ਵੀ ਕੀਤੀ ਜਾਂਦੀ ਸੀ। ਇਹ ਬੁਨਿਆਦੀ **ਅਸੂਲ** ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਸ਼ਾਸਨ ਦੇ ਖ਼ਿਲਾਫ਼ ਜੇਕਰ ਕੋਈ ਗੱਲ ਹੋਵੇ ਤਾਂ ਫਿਰ ਸਖ਼ਤੀ ਵੀ ਕੀਤੀ ਜਾਂਦੀ ਹੈ, ਫਿਰ ਉੱਥੇ ਨਰਮੀ ਦਾ ਸਵਾਲ ਨਹੀਂ। ਚੁਨਾਂਚਿ ਇਸੇ ਤਰ੍ਹਾਂ ਇੱਕ ਕਾਰਵਾਈ ਇਸ ਮੌਕ਼ੇ 'ਤੇ ਵੀ ਕੀਤੀ ਗਈ ਪਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਰਹਿਮਤ** ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਅਫ਼ਵ** ਫਿਰ ਵੀ ਐਸਾ ਗ਼ਾਲਿਬ ਆਇਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਨਾ **ਗਿਰਫ਼ਤਾਰ** ਕਰਨ ਦਾ ਇਰਸ਼ਾਦ ਫ਼ਰਮਾਇਆ ਅਤੇ ਨਾ ਹੀ ਕੋਈ ਹੋਰ **ਸਜ਼ਾ** ਦਿੱਤੀ, ਅਲਬੱਤਾ ਸਾਜ਼ਿਸ਼ਾਂ ਦੇ ਇਸ ਅੱਡੇ ਯਾਨੀ ਹੈਡਕੁਆਰਟਰ ਨੂੰ ਖ਼ਤਮ ਕਰ ਦਿੱਤਾ ਗਿਆ।

ਤਬੂਕ ਦੇ ਸਫ਼ਰ ਦੇ ਲਈ ਹਰ ਕੋਈ ਤਿਆਰੀ ਵਿੱਚ ਰੁੱਝਿਆ ਹੋਇਆ ਸੀ, ਮਾਲੀ ਕੁਰਬਾਨੀ ਦਾ ਸਿਲਸਿਲਾ ਜਾਰੀ ਸੀ ਤਾਂ ਜੋ ਸਫ਼ਰ ਦੇ ਖ਼ਰਚਿਆਂ ਦਾ **ਇੰਤਿਜ਼ਾਮ** ਹੋ ਸਕੇ। ਗ਼ਰੀਬ ਸਹਾਬਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੁੰਦੇ ਤਾਂ ਤਿਆਰੀ ਦੇ ਲਈ ਉਨ੍ਹਾਂ ਦੀ ਮਦਦ ਕੀਤੀ ਜਾਂਦੀ। ਇਸੇ ਤਰ੍ਹਾਂ ਸਾਹਿਬਿ ਹੈਸੀਅਤ ਲੋਕ ਉਨ੍ਹਾਂ ਸਹਾਬਾ ਨੂੰ ਵੀ ਸਵਾਰੀਆਂ ਮੁਹੱਇਆ ਕਰ ਰਹੇ ਸਨ ਜਿਨ੍ਹਾਂ ਦੇ ਕੋਲ਼ ਸਵਾਰੀ ਨਹੀਂ ਸੀ। ਕਿਉਂਕਿ ਸਵਾਰੀ ਦੇ ਬਗ਼ੈਰ ਇਹ ਸਫ਼ਰ ਮੁਮਕਿਨ ਵੀ ਨਹੀਂ ਸੀ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਵੀ **ਇਰਸ਼ਾਦ** ਸੀ ਕਿ ਸਾਡੇ ਨਾਲ਼ ਉਹੀ ਸ਼ਖ਼ਸ ਜਾਵੇ ਜਿਹੜਾ **ਮਜ਼ਬੂਤ** ਹੋਵੇ ਅਤੇ ਸਫ਼ਰ ਦੀ **ਮੁਸ਼ੱਕ਼ਤ** ਬਰਦਾਸ਼ਤ ਕਰ ਸਕੇ ਅਤੇ ਉਹਦੇ ਕੋਲ਼ **ਸਵਾਰੀ** ਅਤੇ **ਰਾਹ ਭੱਤਾ** (ਜ਼ਾਦਿ ਰਾਹ) ਮੌਜੂਦ ਹੋਵੇ।

ਇਸ ਮੌਕ਼ੇ 'ਤੇ ਕੁੱਝ ਸਹਾਬਾ ਰੋਂਦੇ ਹੋਏ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਏ। ਉਨ੍ਹਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਸਵਾਰੀ ਦੀ **ਦਰਖ਼ਾਸਤ** ਕੀਤੀ ਅਤੇ ਉਹ ਜ਼ਰੂਰਤ ਮੰਦ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੇਰੇ ਕੋਲ਼ ਤਾਂ ਹੁਣ ਕੁੱਝ ਵੀ ਨਹੀਂ ਜਿਸ 'ਤੇ ਤੁਹਾਨੂੰ ਸਵਾਰ ਕਰ ਸਕਾਂ। ਇਸ 'ਤੇ ਉਹ ਰੋਂਦੇ ਹੋਏ ਵਾਪਿਸ ਪਰਤ ਗਏ। ਉਨ੍ਹਾਂ ਸਹਾਬਾ ਦੇ **ਇਖ਼ਲਾਸ** ਅਤੇ **ਵਫ਼ਾ** ਅਤੇ **ਬੇਬਸੀ** ਦੀ ਇਸ ਹਾਲਤ ਦਾ ਬਿਆਨ ਅੱਲਾਹ ਤਆਲਾ ਨੇ ਕੁਰਆਨ ਮਜੀਦ ਵਿੱਚ ਇਸ ਤਰ੍ਹਾਂ ਕੀਤਾ ਹੈ ਕਿ ਅਤੇ ਨਾ ਇਨ੍ਹਾਂ ਲੋਕਾਂ 'ਤੇ ਕੋਈ ਇਲਜ਼ਾਮ ਹੈ ਜਿਹੜੇ ਤੇਰੇ ਕੋਲ਼ ਉਸ ਵੇਲ਼ੇ ਆਏ ਜਦ ਜੰਗ ਦਾ ਐਲਾਨ ਕੀਤਾ ਗਿਆ, ਇਸ ਲਈ ਕਿ ਤੂੰ ਉਨ੍ਹਾਂ ਨੂੰ ਕੋਈ ਸਵਾਰੀ ਮੁਹੱਇਆ ਕਰ ਦੇਵੇਂ ਤਾਂ ਤੂੰ ਜਵਾਬ ਦਿੱਤਾ ਕਿ ਮੇਰੇ ਕੋਲ਼ ਕੋਈ ਚੀਜ਼ ਨਹੀਂ ਜਿਸ 'ਤੇ ਮੈਂ ਤੁਹਾਨੂੰ ਸਵਾਰ ਕਰਾਵਾਂ ਅਤੇ ਇਹ ਜਵਾਬ ਸੁਣ ਕੇ ਉਹ ਚਲੇ ਗਏ ਅਤੇ ਇਸ ਗ਼ਮ ਨਾਲ਼ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸਨ ਕਿ ਅਫ਼ਸੋਸ ਇਨ੍ਹਾਂ ਦੇ ਕੋਲ਼ ਕੁੱਝ ਨਹੀਂ ਜਿਸਨੂੰ ਖ਼ੁਦਾ ਦੀ ਰਾਹ ਵਿੱਚ ਖ਼ਰਚ ਕਰਨ। ਇਹ ਸੂਰਤ ਤੌਬਾ ਦੀ ਆਯਤ ਹੈ। ਬਾਅਦ ਵਿੱਚ ਇਨ੍ਹਾਂ ਸਹਾਬਾ ਨੂੰ **ਰਾਹ ਭੱਤਾ** (ਜ਼ਾਦਿ ਰਾਹ) ਮੁਹੱਇਆ ਹੋ ਗਿਆ ਅਤੇ ਉਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਰਵਾਨਾ ਹੋਏ। ਹਜ਼ਰਤ ਅਬੂ ਮੂਸਾ ਅਸ਼ਰੀ ਰਜ਼ਿ ਅੱਲਾਹੁ ਅਨਹੁ ਦੇ ਕ਼ਬੀਲੇ ਦੇ ਲੋਕਾਂ ਨੇ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ **ਸਵਾਰੀ** ਦੇ ਲਈ ਦਰਖ਼ਾਸਤ ਕੀਤੀ। ਇਹ ਛੇ (06) ਲੋਕ ਸਨ। ਉਨ੍ਹਾਂ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਆਪਣਾ ਨੁਮਾਇੰਦਾ ਬਣਾ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਭੇਜਿਆ। ਉਨ੍ਹਾਂ ਨੂੰ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹੀ ਫ਼ਰਮਾਇਆ ਕਿ ਮੇਰੇ ਕੋਲ਼ ਕੁੱਝ ਵੀ ਨਹੀਂ ਜਿਹੜਾ ਮੈਂ ਤੁਹਾਨੂੰ ਦੇ ਸਕਾਂ। ਇਸ 'ਤੇ ਉਹ ਲੋਕ ਰੋਂਦੇ ਹੋਏ ਉੱਥੋਂ ਵਾਪਿਸ ਹੋਏ। ਪਰ ਇਸੇ ਦੌਰਾਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਸਅਦ ਬਿਨ ਉਬਾਦਾ ਰਜ਼ਿ ਅੱਲਾਹੁ ਅਨਹੁ ਕੋਲੋਂ **ਊਠ** ਖ਼ਰੀਦੇ ਅਤੇ ਹਜ਼ਰਤ ਅਬੂ ਮੂਸਾ ਅਸ਼ਰੀ ਰਜ਼ਿ ਅੱਲਾਹੁ ਅਨਹੁ ਨੂੰ ਬੁਲਾਵਾ ਭੇਜਿਆ ਅਤੇ ਫ਼ਰਮਾਇਆ ਕਿ ਇਹ ਊਠ ਲੈ ਜਾਓ ਅਤੇ ਖ਼ੁਦ ਅਤੇ ਆਪਣੇ ਸਾਥੀਆਂ ਨੂੰ ਦੇ ਦਿਓ।

ਇਸ ਗ਼ਜ਼ਵੇ 'ਤੇ ਜਾਂਦੇ ਹੋਏ ਮਦੀਨੇ ਵਿੱਚ **ਨਾਇਬ** ਬਣਾਉਣ ਦੇ ਬਾਰੇ ਵੱਖ ਵੱਖ ਕ਼ੌਲ ਮਿਲ਼ਦੇ ਹਨ। ਇੱਕ ਕ਼ੌਲ ਦੇ ਮੁਤਾਬਿਕ਼ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੂੰ ਮਦੀਨੇ ਵਿੱਚ ਆਪਣਾ **ਸਰਦਾਰ** ਬਣਾਇਆ। ਇਸ ਦੇ ਇਲਾਵਾ ਹਜ਼ਰਤ ਸਿਬਾਅ ਬਿਨ ਉਰਫ਼ਤਾ ਰਜ਼ਿ ਅੱਲਾਹੁ ਅਨਹੁ, ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ ਉੱਮਿ ਮਕਤੂਮ ਰਜ਼ਿ ਅੱਲਾਹੁ ਅਨਹੁ ਦੇ ਨਾਮ ਵੀ ਆਉਂਦੇ ਹਨ। ਇਸ ਦੀ ਮੁਤਾਬਿਕ਼ਤ ਇਹ ਹੈ ਕਿ ਇਹ ਚਾਰੋਂ ਸ਼ਖ਼ਸ ਹੀ **ਨਾਇਬ** ਮੁਕ਼ੱਰਰ ਕੀਤੇ ਗਏ ਸਨ ਪਰ ਇਨ੍ਹਾਂ

ਦੀਆਂ ਜ਼ਿੰਮੇਦਾਰੀਆਂ ਵਿੱਚ ਫ਼ਰਕ ਸੀ। ਕਿਉਂਕਿ ਇਹ ਲੰਮਾ ਸਫ਼ਰ ਸੀ ਇਸ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਘਰ ਵਾਲਿਆਂ ਦੀ **ਖ਼ਬਰ ਗੀਰੀ** ਅਤੇ **ਘਰੇਲੂ ਜ਼ਰੂਰਤਾਂ** ਦੀ ਪੂਰਤੀ ਦੇ ਲਈ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਮਦੀਨੇ ਵਿੱਚ ਹੀ ਰਹਿਣ ਦਾ ਇਰਸ਼ਾਦ ਫ਼ਰਮਾਇਆ। ਮੁਨਾਫ਼ਿਕ, ਜਿਨ੍ਹਾਂ ਦਾ ਕੰਮ ਹੀ ਤਾਅਨੇ ਮਿਹਣੇ ਦੇਣਾ ਸੀ, ਇਸ 'ਤੇ ਗੱਲਾਂ ਬਣਾਉਣ ਲੱਗੇ ਕਿ ਇਹ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਲਈ ਬੋਝ ਸਨ ਇਸ ਲਈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਨੂੰ ਨਾਲ਼ ਲੈ ਕੇ ਨਹੀਂ ਗਏ। ਇਨ੍ਹਾਂ ਤਾਅਨਿਆਂ ਨੂੰ ਸੁਣ ਕੇ ਜਾਂ ਆਲ਼ੇ ਦੁਆਲ਼ੇ ਮੁਨਾਫ਼ਿਕਾਂ ਨੂੰ ਦੇਖ ਕੇ ਖ਼ੁਦ ਹੀ ਘਬਰਾ ਕੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੇ **ਅਸਲ੍ਹਾ** ਲਿਆ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋ ਗਏ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅਜੇ ਮਦੀਨੇ ਤੋਂ ਤਿੰਨ ਕਿਲੋਮੀਟਰ ਦੇ ਫ਼ਾਸਲੇ 'ਤੇ **ਜਰਫ਼** ਮੁਕਾਮ 'ਤੇ ਹੀ ਮੁਕ਼ੀਮ ਸਨ। ਆਪ ਰਜ਼ਿ ਅੱਲਾਹੁ ਅਨਹੁ ਨੇ ਆਪਣੀ **ਫ਼ਿਕਰ** ਅਤੇ **ਘਬਰਾਹਟ** ਦਾ ਜ਼ਿਕਰ ਕੀਤਾ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪ ਰਜ਼ਿ ਅੱਲਾਹੁ ਅਨਹੁ ਦੀ ਦਿਲਦਾਰੀ ਫ਼ਰਮਾਉਂਦੇ ਹੋਏ ਅਜਿਹਾ ਵਾਕ ਆਖਿਆ ਜਿਹੜਾ ਆਪ ਰਜ਼ਿ ਅੱਲਾਹੁ ਅਨਹੁ ਦੀ **ਅਜ਼ਮਤ** ਅਤੇ **ਸ਼ਾਨ** ਨੂੰ ਚਾਰ ਚੰਨ ਲਗਾ ਗਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਐ ਅਲੀ! ਕੀ ਤੂੰ ਖ਼ੁਸ਼ ਨਹੀਂ ਕਿ ਤੂੰ ਮੇਰੇ ਲਈ ਵੈਸਾ ਹੀ ਹੈਂ ਜੈਸਾ ਹਾਰੂਨ ਮੂਸਾ ਦੇ ਲਈ ਸੀ ਸਿਵਾਏ ਇਸਦੇ ਕਿ ਤੂੰ ਮੇਰੇ ਬਾਅਦ ਨਬੀ ਨਹੀਂ।

ਤਬੂਕ ਦੇ ਲਈ ਮੁਸਲਮਾਨਾਂ ਦੀ ਤਾਅਦਾਦ ਦੇ ਬਾਰੇ ਲਿਖਿਆ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜੰਗ ਦੀ ਤਿਆਰੀ ਦੇ ਲਈ ਹਰ ਕ਼ਿਸਮ ਦੇ ਜ਼ਾਹਿਰੀ ਸਮਾਨ ਕਰਨ ਦੇ ਬਾਅਦ ਦੁਆ ਦੇ ਵੱਲ **ਮੁਤਵੱਜਾ** ਹੋਏ ਅਤੇ ਤਿਆਰੀ ਦੇ ਆਗ਼ਾਜ਼ ਤੋਂ ਲੈ ਕੇ ਤਬੂਕ ਵੱਲ ਰਵਾਨਗੀ ਤੱਕ ਇਹ ਦੁਆ ਕਰਦੇ ਰਹੇ اَللّٰهُمَّ اِنَّ تُهْلِكْ هٰذِهِ الْعِصَابَةَ فَلَنْ تُعْبَدَ فِي الْاَرْضِ ਐ ਖ਼ੁਦਾਇਆ! ਜੇਕਰ ਇਹ ਛੋਟੀ ਜਿਹੀ **ਜਮਾਅਤ** ਹਲਾਕ ਹੋ ਗਈ ਤਾਂ ਫਿਰ ਇਸ ਰੂਇ ਜ਼ਮੀਨ 'ਤੇ ਤੇਰੀ **ਇਬਾਦਤ** ਕਰਨ ਵਾਲ਼ਾ ਕੋਈ ਨਹੀਂ ਹੋਵੇਗਾ। ਅਜੀਬ **ਸਬੱਬ** ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਭ ਤੋਂ ਪਹਿਲੇ ਗ਼ਜ਼ਵੇ ਯਾਨੀ ਗ਼ਜ਼ਵਾ ਬਦਰ ਦੇ ਮੌਕ਼ੇ 'ਤੇ ਵੀ ਇਸ ਦੁਆ ਦਾ ਜ਼ਿਕਰ ਮਿਲ਼ਦਾ ਹੈ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਖ਼ਰੀ ਗ਼ਜ਼ਵੇ ਦੇ ਮੌਕ਼ੇ 'ਤੇ ਵੀ ਇਸੇ ਦੁਆ ਦਾ ਜ਼ਿਕਰ ਮਿਲ਼ਦਾ ਹੈ।

ਬਹਰ ਹਾਲ ਸ਼ਦੀਦ ਗਰਮੀ ਦੇ ਮੌਸਮ ਵਿੱਚ ਲੰਮੇ ਸਫ਼ਰ ਅਤੇ ਦੂਸਰੇ ਬਹੁਤ ਸਾਰੇ ਮਸਲਿਆਂ ਅਤੇ ਮੁਨਾਫ਼ਿਕਾਂ ਦੇ ਪ੍ਰੋਪਗੰਡੇ ਦੇ ਬਾਵਜੂਦ ਤੀਹ (30) ਹਜ਼ਾਰ ਦੀ ਤਾਅਦਾਦ ਵਿੱਚ ਇੱਕ ਬਹੁਤ ਵੱਡੀ ਫ਼ੌਜ ਤਿਆਰ ਹੋ ਗਈ। ਇਸ ਵਿੱਚ 10 ਹਜ਼ਾਰ ਘੋੜ ਸਵਾਰ ਸਨ। ਇਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਜ਼ਿੰਦਗੀ ਵਿੱਚੋਂ ਕਿਸੇ ਵੀ ਗ਼ਜ਼ਵੇ ਦੇ ਲਈ ਸਭ ਤੋਂ ਵੱਡੀ ਫ਼ੌਜ ਸੀ। ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਗ਼ਜ਼ਵਾ ਤਬੂਕ ਵਿੱਚ ਸਭ ਤੋਂ ਵੱਡਾ **ਝੰਡਾ** ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੂੰ ਅਤਾ ਫ਼ਰਮਾਇਆ। ਇਸ ਦੇ ਇਲਾਵਾ ਹਜ਼ਰਤ ਜ਼ੁਬੈਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਸੈਦ ਬਿਨ ਹੁਜ਼ੈਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਅਬੂ ਦੁਜਾਨਾ ਰਜ਼ਿ ਅੱਲਾਹੁ ਅਨਹੁ ਜਾਂ ਕੁੱਝ ਰਿਵਾਇਤਾਂ ਦੇ ਮੁਤਾਬਿਕ਼ ਹਜ਼ਰਤ ਹੁਬਾਬ ਬਿਨ ਮੁਨਜ਼ਿਰ ਰਜ਼ਿ ਅੱਲਾਹੁ ਅਨਹੁ ਨੂੰ ਵੀ ਝੰਡੇ ਅਤਾ ਕੀਤੇ ਗਏ। ਗ਼ਜ਼ਵਾ ਤਬੂਕ ਦੇ ਮੌਕ਼ੇ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਰਾਹਬਰ** (ਰਸਤਾ ਦਿਖਾਉਣ ਵਾਲ਼ਾ, ਗਾਇਡ) ਦੇ ਤੌਰ 'ਤੇ ਹਜ਼ਰਤ ਅਲਕ਼ਮਾ ਬਿਨ ਫ਼ਗਵਾ ਰਜ਼ਿ ਅੱਲਾਹੁ ਅਨਹੁ ਤੇ ਉਨ੍ਹਾਂ ਦੇ ਵਾਲਿਦ ਨੂੰ ਚੁਣਿਆ, ਜਿਹੜੇ ਰਸਤਿਆਂ ਤੋਂ ਚੰਗੀ ਤਰ੍ਹਾਂ **ਵਾਕ਼ਿਫ਼** ਸਨ ਅਤੇ ਛੇਤੀ ਤੋਂ ਛੇਤੀ ਸਹੀ ਰਸਤੇ ਤੋਂ ਲੈ ਜਾ ਸਕਦੇ ਸਨ। ਹਜ਼ਰਤ ਕਅਬ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਗ਼ਜ਼ਵਾ ਤਬੂਕ ਦੇ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ **ਜੁਮਇ ਰਾਤ** ਦੇ ਦਿਨ ਨਿਕਲੇ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜੁਮਇ ਰਾਤ ਦੇ ਦਿਨ ਸਫ਼ਰ ਕਰਨਾ ਪਸੰਦ ਕਰਦੇ ਸਨ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਮੁਕੱਰਮ ਗ਼ੁਲਾਮ ਮਹਯੁਦ ਦੀਨ ਸੁਲੈਮਾਨ ਸਾਹਿਬ ਮੁਰੱਬੀ ਸਿਲਸਿਲਾ ਇੰਡੋਨੇਸ਼ੀਆ, ਮੁਕੱਰਮ ਡਾਕਟਰ ਮੁਹੰਮਦ ਸ਼ਫ਼ੀਕ਼ ਸਹਿਗਲ ਸਾਹਿਬ ਸਾਬਿਕ਼ ਨਾਇਬ ਵਕੀਲੁਤ ਤਸਨੀਫ਼ ਤਹਰੀਕਿ ਜਦੀਦ ਰਬਵਾ ਅਤੇ ਮੁਕੱਰਮਾ ਬੁਸ਼ਰਾ ਪਰਵੇਜ਼ ਮਿਨਹਾਸ ਸਾਹਿਬਾ ਐਹਲੀਆ ਪਰਵੇਜ਼ ਮਿਨਹਾਸ ਸਾਹਿਬ ਯੂ.ਐਸ.ਏ

ਦਾ **ਜ਼ਿਕਰਿ ਖ਼ੈਰ** ਕੀਤਾ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਉਣ ਦਾ ਐਲਾਨ ਫ਼ਰਮਾਇਆ। ਹਜ਼ੂਰ ਅਨਵਰ ਨੇ ਮਰਹੂਮਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞